
# ਨਬੀਆਂ ਨੇ ਪਰਮੇਸ਼ੁਰ ਦੇ ਸੰਦੇਸ਼ਾਂ ਦੀ ਘੋਸ਼ਣਾ ਕੀਤੀ

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ P9b ਦਾ ਅਧਿਐਨ ਕਰਨਾ ਚਾਹੀਦਾ ਹੈ।

ਪ੍ਰਾਰਥਨਾ: ''ਪਿਆਰੇ ਪ੍ਰਭੂ, ਮੈਨੂੰ ਅਤੇ ਮੇਰੇ ਝੁੰਡ ਨੂੰ ਨਬੀਆਂ ਤੋਂ ਜਿਨ੍ਹਾਂ ਤੇਰੇ ਆਉਣ ਵਾਲੇ ਮਸੀਹਾ ਯਿਸੂ ਦੀ ਘੋਸ਼ਣਾ ਕੀਤੀ, ਸਾਡੇ ਲਈ ਤੇਰੀਆਂ ਯੋਜਨਾਵਾਂ ਅਤੇ ਤੇਰੇ ਬਾਰੇ ਸਿੱਖਣ ਵਿੱਚ ਮਦਦ ਕਰ।

**1.** ਪੁਰਾਣੇ ਨੇਮ ਦੀਆਂ ਕਾਵਿਆਤਮਕ ਪੁਸਤਕਾਂ ਸਿਖਾਉਣ ਲਈ ਤਿਆਰੀ ਕਰੋ




ਉੱਪਰ ਦਿੱਤੇ ਗਏ ਰੇਖਾ ਚਿੱਤਰ ਤੇ ਪਰਛਾਈ ਵਾਲੇ ਖੇਤਰ ਉਨ੍ਹਾਂ ਸਾਲਾਂ ਨੂੰ ਵਿਖਾਉਂਦੇ ਹਨ ਜਿਨ੍ਹਾਂ ਦੌਰਾਨ ਨਬੀਆਂ ਨੇ ਲਗਭਗ 835 ਅਤੇ 400 ਈਸਵੀ ਵਿੱਚਕਾਰ ਲਿਖਿਆ।

ਯਸਾਯਾਹ 6:1-8 ਵਿੱਚ ਪੜ੍ਹੋ:

- ਪਰਮੇਸ਼ੁਰ ਦਾ ਦਰਸ਼ਣ ਵੇਖਣ ਤੇ ਨਵੀ ਦਾ ਜਵਾਬ (1-5 ਆਇਤਾਂ)
- ਪਰਮੇਸ਼ੁਰ ਨੇ ਕਿਵੇਂ ਉਸਨੂੰ ਫੇਰ ਭਰੋਸਾ ਦਿਵਾਇਆ (7 ਅਤੇ 6 ਆਇਤਾਂ ਅਤੇ
- ਯਸਾਯਾਹ ਨੇ ਕੀ ਕਰਨ ਦੀ ਪੇਸ਼ਕਸ਼ ਕੀਤੀ (8 ਆਇਤ)।

ਪਰਿਭਾਸ਼ਾਵਾਂ

**ਨਬੀ :** ਪੁਰਾਣੇ ਨੇਮ ਦੇ ਸਮਿਆਂ ਵਿੱਚ, ਪਰਮੇਸ਼ੁਰ ਅਕਸਰ 'ਪਵਿੱਤਰ ਮਨੁੱਖਾਂ' ਦੁਆਰਾ ਜਿਨ੍ਹਾਂ ਨੂੰ ਪਵਿੱਤਰ ਆਤਮਾ ਪ੍ਰੇਰਿਤ ਕਰਦਾ ਸੀ, ਆਪਣੇ ਲੋਕ ਇਸਰਾਏਲ ਨੂੰ ਸੰਦੇਸ਼ ਭੇਜਦਾ ਸੀ। *2 ਪਤਰਸ 1:21*

**ਭਵਿੱਖਬਾਣੀ :** ਪਰਮੇਸ਼ੁਰ ਦੇ ਨਬੀਆਂ ਨੇ ਉਸਦੇ ਲੋਕਾਂ ਨੂੰ ਪਾਪ ਤੋਂ ਮੁੜਨ ਅਤੇ ਪਰਮੇਸ਼ੁਰ ਦੀ ਆਗਿਆ ਮੰਨਣ ਲਈ ਬੁਲਾਇਆ; ਦੱਸਿਆ ਕਿ ਕਿਉਂ ਲੋਕਾਂ ਨੇ ਦੁੱਖ ਉਠਾਇਆ, ਵਿਸ਼ਵਾਸੀਆਂ ਨੂੰ ਆਸ ਅਤੇ ਤਸੱਲੀ ਦਿੱਤੀ, ਨਿਆਂ ਦੀ ਭਵਿੱਖਬਾਣੀ ਕੀਤੀ ਅਤੇ ਇਕ ਰਾਜੇ ਦਾ ਵਾਅਦਾ ਕੀਤਾ ਜਿਹੜਾ ਸੰਪੂਰਨ ਨਿਆਂ ਨਾਲ ਰਾਜ ਕਰੇਗਾ, ਜਿਸਨੂੰ ਉਹ ਮਸੀਹਾ ਕਹਿੰਦੇ ਸਨ।

**ਭਵਿੱਖਬਾਣੀ :** ਪਰਮੇਸ਼ੁਰ ਦੇ ਨਬੀਆਂ ਨੇ ਕਈ ਵਾਰ ਅਜਿਹੀਆਂ ਗੱਲਾਂ ਵੀ ਦੱਸੀਆਂ ਜਿਹੜੀਆਂ ਹਾਲੇ ਤੱਕ ਨਹੀਂ ਹੋਈਆਂ ਸਨ। ਉਨ੍ਹਾਂ ਚਾਰ ਪ੍ਰਕਾਰ ਦੀਆਂ ਭਵਿੱਖਬਾਣੀਆਂ ਕੀਤੀਆਂ: (1) ਕੁਝ ਗੱਲਾਂ ਉਨ੍ਹਾਂ ਦੇ ਆਪਣੇ ਜੀਵਨ ਵਿੱਚ ਪੂਰੀਆਂ ਹੋਈਆਂ; (2) ਕੁਝ ਗੱਲਾਂ ਉਨ੍ਹਾਂ ਦੇ ਮਰਨ ਤੋਂ ਤੁਰੰਤ ਬਾਅਦ ਪੂਰੀਆਂ ਹੋਈਆਂ; (3) ਹੋਰ ਕਈ ਗੱਲਾਂ ਕਈ ਸੌ ਸਾਲ ਬਾਅਦ ਪੂਰੀਆਂ ਹੋਈਆਂ; (4) ਕੁਝ ਗੱਲਾਂ ਹਾਲੇ ਤੱਕ ਪੂਰੀਆਂ ਨਹੀਂ ਹੋਈਆਂ। *ਯਸਾਯਾਹ 42:8-9*

**ਸੱਚੇ ਨਬੀ:** ਸਾਰੇ ਸੱਚੇ ਨਬੀ ਇਬਰਾਨੀ ਸਨ, ਜੋ ਯਹੂਦੀ ਸਨ, ਅਤੇ ਉਹ ਕਦੀ ਵੀ ਹੋਰਨਾਂ ਦੇਵੀ ਦੇਵਤਿਆਂ ਲਈ ਨਹੀਂ, ਪਰ ਸਿਰਫ ਪਰਮੇਸ਼ੁਰ ਲਈ ਬੋਲੇ। ਜਦੋਂ ਸੱਚੇ ਨਬੀਆਂ ਨੇ ਹੋਣ ਵਾਲੀਆਂ ਗੱਲਾਂ ਬਾਰੇ ਭਵਿੱਖਬਾਣੀ ਕੀਤੀ,ਤਾਂ ਉਹ ਗੱਲਾਂ ਪੂਰੀਆਂ ਹੋਈਆਂ। ਕੁਝ ਉੱਤਰੀ ਰਾਜ ਜਿਸਨੂੰ ਇਸਰਾਏਲ ਕਿਹਾ ਜਾਂਦਾ ਹੈ, ਉਸ ਲਈ ਬੋਲੇ, ਹੋਰ ਦੱਖਣੀ ਰਾਜ ਜਿਸਨੂੰ ਯਹੂਦਾਹ ਕਿਹਾ ਜਾਂਦਾ ਹੈ, ਉਸ ਲਈ ਬੋਲੇ, ਅਤੇ ਕੁਝ ਹੋਰ ਕੌਮਾਂ ਲਈ ਜਿਵੇਂ ਕਿ ਯੂਨਾਹ: *ਬਿਵਸਥਾ ਸਾਰ 18:17-21*

**ਝੂਠੇ ਨਬੀ:** ਝੂਠੇ ਨਬੀ ਯਹੋਵਾਹ ਪਰਮੇਸ਼ੁਰ ਲਈ ਨਹੀਂ ਪਰ ਹੋਰਨਾਂ ਦੇਵੀ ਦੇਵਤਿਆਂ ਲਈ ਬੋਲੇ, ਅਤੇ ਲੋਕਾਂ ਦੀ ਅਗਵਾਈ ਦੇਵਤਿਆਂ ਦੀ ਪੂਜਾ ਕਰਨ ਅਤੇ ਪਰਮੇਸ਼ੁਰ ਦੀ ਬਿਵਸਥਾ ਦੀ ਸ਼ਰਾ ਦੀ ਉਲੰਘਣਾ ਕਰਨ ਵੱਲ ਦੀ ਕੋਸ਼ਿਸ਼ ਕੀਤੀ। ਬਿਵਸਥਾ ਸਾਰ 13:1-4

## ਪੁਰਾਣੇ ਨੇਮ ਦੀਆਂ ਕਾਵਿਆਤਮਕ ਪੁਸਤਕਾਂ ਦਾ ਸੰਖੇਪ ਸਾਰ

ਮੂਸਾ ਤੋਂ ਇਲਾਵਾ, ਪੁਰਾਣੇ ਨੇਮ ਦੇ 17 ਹੋਰ ਨਬੀਆਂ ਨੇ ਪੁਸਤਕਾਂ ਲਿਖੀਆਂ ਜਿਹੜੀਆਂ ਬਾਈਬਲ ਦਾ ਹਿੱਸਾ ਬਣੀਆਂ। ਹੇਠ ਲਿਖੀਆਂ ਤਾਰੀਖਾਂ ਦੀ ਸੂਚੀ ਦੱਸਦੀ ਹੈ ਕਿ ਮਸੀਹ ਯਿਸੂ ਦੇ ਆਉਣ ਤੋਂ ਪਹਿਲਾਂ ਉਨ੍ਹਾਂ ਕਿੰਨੇ ਸਾਲ ਪਹਿਲਾਂ ਭਵਿੱਖਬਾਣੀ ਕੀਤੀ।

835 (ਮਸੀਹ ਤੋਂ ਪਹਿਲਾਂ ਦੇ ਸਾਲ) **ਯੋਏਲ** ਨੇ ਲੋਕਾਂ ਨੂੰ ਤੋਬਾ ਲਈ ਬੁਲਾਉਂਦਿਆਂ, ਯਹੂਦਾਹ ਵਿੱਚ ਟਿੱਡੀਆਂ ਦੇ ਹਮਲੇ ਦੀ ਭਵਿੱਖਬਾਣੀ ਕੀਤੀ। **ਰਸੂਲਾਂ ਦੇ ਕਰਤੱਬ 2:16-21** ਵਿੱਚੋਂ ਪੜ੍ਹੋ ਕਿਵੇਂ ਪਤਰਸ ਨੇ ਯੋਏਲ 2:28-32 ਦਾ ਹਵਾਲਾ ਦਿੱਤਾ।

783-753 ਸਾਲ, **ਯੂਨਾਹ** ਨੇ ਪਰਾਈ ਕੌਮ ਨੀਨਵਾਹ ਨੂੰ ਤੋਬਾ ਲਈ ਬੁਲਾਇਆ। **ਮੱਤੀ 12:40-41** ਵਿੱਚ ਪੜ੍ਹੋ ਯਿਸੂ ਨੇ ਯੂਨਾਹ 1:17 ਦਾ ਕਿਵੇਂ ਹਵਾਲਾ ਦਿੱਤਾ।

760-750, **ਆਮੋਸ** ਨੇ ਇਸਰਾਏਲ ਦੀ ਤਬਾਹੀ ਅਤੇ ਭਵਿੱਖ ਦੀ ਆਸ ਦੀ ਘੋਸ਼ਣਾ ਕੀਤੀ। **ਰਸੂਲਾਂ ਦੇ ਕਰਤੱਬ 15:13-19** ਵਿੱਚ ਪੜ੍ਹੋ ਯਾਕੂਬ ਨੇ ਆਮੋਸ 9:11 ਅਤੇ 12 ਦਾ ਕਿਵੇਂ ਹਵਾਲਾ ਦਿੱਤਾ।

755-710, **ਹੋਸ਼ੇਆ** ਨੇ ਇਸਰਾਏਲ ਦੀ ਬੇਵਫ਼ਾਈ ਅਤੇ ਭਵਿੱਖ ਦੇ ਛੁਟਕਾਰੇ ਦੀ ਉਦਾਹਰਣ ਦਿੱਤੀ। **ਰੋਮੀਆਂ 9:22-26** ਵਿੱਚ ਪੜ੍ਹੋ ਪੋਲੁਸ ਨੇ ਹੋਸ਼ੇਆ 2:23 ਦਾ ਕਿਵੇਂ ਹਵਾਲਾ ਦਿੱਤਾ।

740-680, **ਯਸਾਯਾਹ** ਨੇ ਯਹੂਦਾਹ ਨੂੰ ਮੁਕਤੀ ਲਈ ਪਰਮੇਸ਼ੁਰ ਤੇ ਭਰੋਸਾ ਕਰਨ ਅਤੇ ਮਸੀਹ ਦੀ ਉਡੀਕ ਕਰਨ ਲਈ ਬੁਲਾਇਆ। **ਰਸੂਲਾਂ ਦੇ ਕਰਤੱਬ 8:30-35** ਵਿੱਚ ਪੜ੍ਹੋ ਫ਼ਿਲਿੱਪੁਸ ਨੇ ਇਕ ਖੋਜੇ ਨੂੰ ਯਸਾਯਾਹ 53:7 ਤੇ 8 ਬਾਰੇ ਕਿਵੇਂ ਦੱਸਿਆ।

739-686, **ਮੀਕਾਹ** ਨੇ ਯਹੂਦਾਹ ਅਤੇ ਇਸਰਾਏਲ ਨੂੰ ਆਉਣ ਵਾਲੇ ਨਿਆਂ ਬਾਰੇ ਚੇਤਾਵਨੀ ਅਤੇ ਆਸ ਦਿੱਤੀ। **ਮੱਤੀ 10:35-39** ਵਿੱਚ ਪੜ੍ਹੋ ਯਿਸੂ ਨੇ ਮੀਕਾਹ 7:6 ਦਾ ਕਿਵੇਂ ਹਵਾਲਾ ਦਿੱਤਾ।

664-612, **ਨਹੂਮ** ਨੇ ਯਹੂਦਾਹ ਅਤੇ ਨੀਨਵਾਹ ਅੱਗੇ ਨਿਆਂ ਅਤੇ ਖੁਸ਼ਖਬਰੀ ਦੀ ਘੋਸ਼ਣਾ ਕੀਤੀ। **ਰੋਮੀਆਂ 10:15** ਵਿੱਚ ਪੜ੍ਹੋ ਪੌਲੁਸ ਨੇ ਨਹੂਮ 1:15 ਦਾ ਕਿਵੇਂ ਪ੍ਰਯੋਗ ਕੀਤਾ।

640-628, **ਸਫ਼ਨਯਾਹ** ਨੇ ਲੋਕਾਂ ਨੂੰ ਸੱਚਾਈ ਬੋਲਣ ਲਈ ਬੁਲਾਉਂਦਿਆਂ ਯਹੂਦਾਹ ਅੱਗੇ ਇਲਾਹੀ ਨਿਆਂ ਦੇ ਮਹਾਨ ਦਿਨ ਦੀ ਘੋਸ਼ਣਾ ਕੀਤੀ। **ਪਰਕਾਸ਼ ਦੀ ਪੋਥੀ 14:5** ਵਿੱਚ ਪੜ੍ਹੋ, ਯੂਹੰਨਾ ਨੇ ਸਫ਼ਨਯਾਹ 3:13 ਦੇ ਵਚਨਾਂ ਨੂੰ ਕਿਵੇਂ ਪ੍ਰਯੋਗ ਕੀਤਾ।

626-580, **ਯਿਰਮਿਯਾਹ** ਨੇ ਯਹੂਦਾਹ ਨੂੰ ਆਉਣ ਵਾਲੀ ਗੁਲਾਮੀ ਬਾਰੇ, ਉਨ੍ਹਾਂ ਨੂੰ ਆਪਣੇ ਦੁਸ਼ਮਣਾਂ ਨੂੰ ਸੌਂਪਣ ਦੀ ਬੇਨਤੀ ਕਰਦਿਆਂ, ਨਵੇਂ ਨੇਮ ਦਾ ਵਾਅਦਾ ਕਰਦਿਆਂ ਚੇਤਾਵਨੀ ਦਿੱਤੀ। **ਇਬਰਾਨੀਆਂ 8:7-13** ਵਿੱਚ ਪੜ੍ਹੋ। ਯਿਰਮੀਯਾਹ 31:31-34 ਦੁਆਰਾ ਨਵੇਂ ਨੇਮ ਦੀ ਭਵਿੱਖਬਾਣੀ ਕੀਤੀ ਗਈ ਸੀ।

609-597, **ਹੱਬਕੂਕ** ਨੇ ਲੋਕਾਂ ਨੂੰ ਨਿਹਚਾ ਲਈ ਬੁਲਾਉਂਦਿਆਂ ਯਹੂਦਾਹ ਅਤੇ ਨੀਨਵਾਹ ਵਿਰੁੱਧ ਨਿਆਂ ਦੀ ਘੋਸ਼ਣਾ ਕੀਤੀ। **ਗਲਾਤੀਆਂ 3:11** ਵਿੱਚ ਪੜ੍ਹੋ ਪੌਲੁਸ ਨੇ ਹੱਬਕੂਕ 2:4 ਦਾ ਕਿਵੇਂ ਹਵਾਲਾ ਦਿੱਤਾ।

605-530, **ਦਾਨੀਏਲ** ਨੇ ਪਰਾਈਆਂ ਕੌਮਾਂ ਬਾਰੇ ਦਰਸ਼ਣਾਂ ਅਤੇ ਭਵਿੱਖ ਵਿੱਚ ਵਿਸ਼ਵਾਸੀਆਂ ਦੇ ਜੀ ਉੱਠਣ ਦੀ ਦੁਬਾਰਾ ਵਰਨਣ ਕੀਤਾ। **ਲੂਕਾ 21:25-28** ਵਿੱਚ ਪੜ੍ਹੋ, ਯਿਸੂ ਆਪਣੀ ਭਵਿੱਖ ਦੀ ਵਾਪਸੀ ਬਾਰੇ ਦਾਨੀਏਲ 7:13 ਦਾ ਹਵਾਲਾ ਦੇਕੇ ਕਿਵੇਂ ਬੋਲਿਆ।

587-565, **ਹਿਜ਼ਕੀਏਲ** ਨੇ ਯਹੂਦਾਹ ਦੀ ਆਪਣੇ ਦੇਸ਼ ਵਿੱਚ ਵਾਪਸੀ ਦੇ ਦਰਸ਼ਣਾਂ ਦਾ ਦੁਬਾਰਾ ਵਰਨਣ ਕੀਤਾ ਅਤੇ ਉਨ੍ਹਾਂ ਦੇ ਭਵਨ ਦਾ ਫਿਰ ਦੁਬਾਰਾ ਨਿਰਮਾਣ ਕਰਨ ਲਈ ਯੋਜਨਾਵਾਂ ਦਾ ਵੀ ਵਰਨਣ ਕੀਤਾ। **2 ਕੁਰਿੰਥੀਆਂ 6:16-18** ਵਿੱਚ ਪੜ੍ਹੋ ਪੌਲੁਸ ਨੇ ਹਿਜ਼ਕੀਏਲ 20:34,31 ਅਤੇ 37:27 ਦਾ ਕਿਵੇਂ ਹਵਾਲਾ ਦਿੱਤਾ।

586-584, **ਵਿਰਲਾਪ ਗੀਤ** ਦੀ ਪੁਸਤਕ ਯਰੂਸ਼ਲਮ ਦੇ ਆਉਣ ਵਾਲੇ ਨਾਸ਼ ਦਾ ਵਰਨਣ ਕਰਦੀ ਹੈ। **ਮਰਕੁਸ 15:29-30** ਵਿੱਚ ਪੜ੍ਹੋ ਵਿਰਲਾਪ ਗੀਤ 2:15 ਦੇ ਵਚਨਾਂ ਨੂੰ ਯਿਸੂ ਦੀ ਸਲੀਬ ਤੇ ਕਿਵੇਂ ਲਾਗੂ ਕੀਤਾ ਗਿਆ ਹੈ।

586, **ਓਬਦਯਾਹ** ਨੇ ਅਦੋਮ ਵਿਰੁੱਧ ਨਿਆਂ ਦੀ ਘੋਸ਼ਣਾ ਕੀਤੀ ਅਤੇ ਇਸਰਾਏਲ ਦੀ ਜਿੱਤ ਬਾਰੇ ਭਵਿੱਖਬਾਣੀ ਕੀਤੀ। **ਪਰਕਾਸ਼ ਦੀ ਪੋਥੀ 11:15** ਵਿੱਚ ਓਬਦਯਾਹ 1:21 ਦੀ ਆਖਰੀ ਪੂਰਤੀ ਬਾਰੇ ਪੜ੍ਹੋ।

520-519, **ਜ਼ਕਰਯਾਹ** ਨੇ ਭਵਿੱਖ ਦੇ ਰਾਜਾ ਬਾਰੇ ਜਿਸਨੂੰ ਉਹ ਮਸੀਹਾ ਕਹਿੰਦੇ ਸਨ ਬਹੁਤ ਸਾਰੀਆਂ ਭਵਿੱਖਬਾਣੀਆਂ ਕੀਤੀਆਂ। **ਮੱਤੀ 21:4-6** ਵਿੱਚ ਪੜ੍ਹੋ ਯਿਸੂ ਨੇ ਜ਼ਕਰਯਾਹ 9:9 ਨੂੰ ਕਿਵੇਂ ਪੂਰਾ ਕੀਤਾ।

520, **ਹੱਜਈ** ਨੇ ਭਵਿੱਖ ਵਿੱਚ ਬਰਕਤਾਂ ਦੇ ਵਾਅਦੇ ਕਰਦਿਆਂ ਯਹੂਦਾਹ ਨੂੰ ਉਨ੍ਹਾਂ ਦੇ ਭਵਨ ਨੂੰ ਫਿਰ ਬਣਾਉਣ ਦੀ ਬੇਨਤੀ ਕੀਤੀ। **ਇਬਰਾਨੀਆਂ 12:26-29** ਵਿੱਚ ਪੜ੍ਹੋ ਹੱਜਈ 2:6 ਕਿਵੇਂ ਪੂਰੀ ਹੋਵੇਗੀ

430-400, **ਮਲਾਕੀ** ਆਖ਼ਰੀ ਲੇਖਕ ਸੀ। **ਮੱਤੀ 11:10-11** ਵਿੱਚ ਪੜ੍ਹੋ ਯਿਸੂ ਨੇ ਮਲਾਕੀ 3:1 ਨੂੰ ਯੂਹੰਨਾ ਬਪਤਿਸਮਾ ਦੇਣ ਵਾਲੇ ਤੇ ਕਿਵੇਂ ਲਾਗੂ ਕੀਤਾ।

**ਨਵੇਂ ਨੇਮ ਦੇ ਨਬੀ**। ਪਰਮੇਸ਼ੁਰ ਨੇ ਹਰ ਮਸੀਹੀ ਮੰਡਲੀ ਨੂੰ ਰਸੂਲ, ਨਬੀ, ਪਰਚਾਰਕ, ਪਾਸਬਾਨ ਅਤੇ ਉਸਤਾਦ ਦਿੱਤੇ ''ਅਫ਼ਸੀਆਂ 4:11, ਮਸੀਹੀ ਨਬੀ ਨਵਾਂ ਵਚਨ ਨਹੀਂ ਲਿਖਦੇ, ਪਰ ਉਹ ਕਈ ਵਾਰ ਉਨ੍ਹਾਂ ਤਰੀਕਿਆਂ ਬਾਰੇ ਭਵਿੱਖਬਾਣੀ ਕਰਦੇ ਹਨ ਜਿਨ੍ਹਾਂ ਨਾਲ ਮਸੀਹੀ ਇਕ ਦੂਜੇ ਦੀ ਮਦਦ ਕਰ ਸਕਣ (ਰਸੂਲਾਂ ਦੇ ਕਰਤੱਬ 11:27-30)। ਹਰ ਕੋਈ ਜਿਹੜਾ ਅਗੰਮਵਾਕ ਕਰਦਾ ਹੈ ਉਹ ਲਾਭ ਅਤੇ ਉਪਦੇਸ਼ ਅਤੇ ਤਸੱਲੀ ਦੀਆਂ ਗੱਲਾਂ ਮਨੁੱਖਾਂ ਨਾਲ ਕਰਦਾ ਹੈ। (1 ਕੁਰਿੰਥੀਆਂ 14:3)। ਸਾਰੇ ਮਸੀਹੀ ਇਕ ਦੂਜੇ ਦੀ ਭਵਿੱਖਬਾਣੀ ਕਰ ਸਕਦੇ ਹਨ (1 ਕੁਰਿੰਥੀਆਂ 14:24)

**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਹਫ਼ਤਿਆਂ ਦੀਆਂ ਗਤੀਵਿਧੀਆਂ ਬਾਰੇ ਯੋਜਨਾ ਬਣਾਓ**

ਉਨ੍ਹਾਂ ਵਿਸ਼ਵਾਸੀਆਂ ਨੂੰ ਭਵਿੱਖਬਾਣੀਆਂ ਦੀ ਕੋਈ ਇਕ ਪੁਸਤਕ ਪੜ੍ਹਨ ਲਈ ਕਹੋ, ਜਿਨ੍ਹਾਂ ਨੂੰ ਬਾਈਬਲ ਦਾ ਅਧਿਐਨ ਕਰਨਾ ਪਸੰਦ ਹੈ। ਉਨ੍ਹਾਂ ਨੂੰ ਉੱਪਰ ਦਿੱਤੇ ਭਾਗ 1 ਵਿੱਚੋਂ ਨਬੀ ਬਾਰੇ ਕੁਝ ਜਾਣਕਾਰੀ ਦਿਓ। ਬਾਅਦ ਵਿੱਚ, ਉਨ੍ਹਾਂ ਨੇ ਜਿਹੜੀ ਪੁਸਤਕ ਪੜ੍ਹੀ ਹੈ ਉਸ ਵਿੱਚੋਂ ਜਿਹੜੀਆਂ ਮੁੱਖ ਗੱਲਾਂ ਅਤੇ ਮੁੱਖ ਵਿੱਚਾਰ ਲੱਭਿਆ ਹੈ, ਉਸਨੂੰ ਦੂਜੇ ਵਿਸ਼ਵਾਸੀਆਂ ਨੂੰ ਦੱਸਣ ਦਿਓ।

ਜੇਕਰ ਸਥਾਨਕ ਧਰਮ ਵਿੱਚ ਕੋਈ ਨਬੀ ਹੈ, ਤਾਂ ਤੁਸੀਂ ਗੈਰ-ਮਸੀਹੀਆਂ ਨੂੰ ਦੱਸ ਸਕਦੇ ਹੋ ਕਿ ਤੁਹਾਡੇ ਕੋਲ ਉਹ ਪੁਸਤਕਾਂ ਹਨ ਜਿਹੜੀਆਂ ਪਹਿਲੇ ਨਬੀਆਂ ਨੇ ਲਿਖੀਆਂ ਸਨ। ਜੇਕਰ ਉਹ ਦਿਲਚਸਪੀ ਰੱਖਦੇ ਹਨ, ਤਾਂ ਉਨ੍ਹਾਂ ਨੂੰ ਦੱਸੋ ਕਿ ਉਹ ਬਾਈਬਲ ਕਿਥੋਂ ਲੈ ਸਕਦੇ ਹਨ।

**3. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੀ ਅਰਾਧਨਾ ਦੀ ਯੋਜਨਾ ਬਣਾਓ।**

(ਉੱਪਰ) ਯਸਾਯਾਹ ਨਬੀ ਨੂੰ ਪਰਮੇਸ਼ੁਰ ਨੇ ਕਿਵੇਂ ਭੇਜਿਆ, ਉਸ ਬਾਰੇ ਜੋ ਤੁਸੀਂ ਸੋਚਿਆ ਹੈ ਉਸਨੂੰ **ਪੜ੍ਹੋ** ਜਾਂ ਨਾਟਕ ਕਰਕੇ ਦੱਸੋ।

ਵਿਸ਼ਵਾਸੀਆਂ ਨੂੰ ਦੱਸਣ ਦਿਓ ਕਿ ਕਿਵੇਂ ਉਨ੍ਹਾਂ ਬਾਈਬਲ ਵਿੱਚੋਂ ਕਾਵਿਆਤਮਕ ਪੁਸਤਕਾਂ ਦੇ ਅਧਿਐਨ ਤੋਂ ਬਰਕਤ ਪਾਈ ਹੈ।

ਉੱਪਰ ਦਿੱਤੇ ਭਾਗ 1 ਵਿੱਚੋਂ ਭਵਿੱਖਬਾਣੀ ਦੇ ਪਿਛੋਕੜ ਅਤੇ ਪਰਿਭਾਸ਼ਾਵਾਂ ਬਾਰੇ ਦੱਸੋ।

ਨਬੀਆਂ ਦੀਆਂ ਪੁਸਤਕਾਂ ਦੇ ਮੁੱਖ ਵਿਸ਼ਿਆਂ ਦੀ ਸੰਖੇਪ ਰੂਪ ਵਿੱਚ **ਪੜਚੋਲ ਕਰੋ**।

ਬੱਚਿਆਂ ਨੇ ਜੋ ਤਿਆਰ ਕੀਤਾ ਹੈ ਉਸਨੂੰ ਬਾਲਗਾਂ ਅੱਗੇ ਪੇਸ਼ ਕਰਨ ਦਿਓ।

**ਪ੍ਰਭੂ ਭੋਜ** ਸ਼ੁਰੂ ਕਰਨ ਲਈ ਯਸਾਯਾਹ 53:5 ਪੜ੍ਹੋ ਅਤੇ ਦੱਸੋ ਕਿ ਪ੍ਰਾਚੀਨ ਨਬੀਆਂ ਨੇ ਯਿਸੂ ਦੀ ਲਹੂ ਬਾਰੇ ਭਵਿੱਖਬਾਣੀ ਕੀਤੀ ਸੀ।

ਭਵਿੱਖਬਾਣੀ ਕਿਵੇਂ ਪੂਰੀ ਹੋਈ ਇਸ ਬਾਰੇ ਵਿੱਚਾਰ ਵਿਮਰਸ਼ ਕਰਨ ਅਤੇ ਇਕ ਦੂਜੇ ਲਈ ਪ੍ਰਾਰਥਨਾ ਕਰਨ ਲਈ ਤਿੰਨ ਜਾਂ ਚਾਰ ਵਿਅਕਤੀਆਂ ਦੇ **ਸਮੂਹ ਬਣਾਓ**।

ਇਕੱਠੇ ਮਿਲਕੇ ਰਸੂਲਾਂ ਦੇ ਕਰਤੱਬ 26:22 **ਯਾਦ ਕਰੋ**।

Copyright 2004 © by Paul-Timothy. May be freely copied. Download from www.Paul-Timothy.net